13

ਡਿਸਏਬਿਲਟੀ ਅਲਾਇੰਸ ਬੀ ਸੀ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2023

# ਡਿਸਏਬਿਲਟੀਜ਼ ਵਾਲੇ ਵਿਅਕਤੀਆਂ (ਪੀ ਡਬਲਯੂ ਡੀ) ਅਤੇ ਪਰਸਨਜ਼ ਵਿਦ ਪਰਸਿਸਟੈਂਟ ਐਂਡ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਭੱਤਿਆਂ ਲਈ ਰਕਮਾਂ ਦੀ ਦਰ

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਨੇ ਇਹ ਹੈਲਪ ਸ਼ੀਟ ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਭੱਤਿਆਂ ਲਈ ਅਸਿਸਟੈਂਸ (ਸਹਾਇਤਾ) ਦੇ ਰੇਟ ਦਿਖਾਉਣ ਲਈ ਤਿਆਰ ਕੀਤੀ ਹੈ। ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਦੋਨਾਂ ਭੱਤਿਆਂ (ਬੈਨੇਫਿਟਸ) ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ:

## ਰਿਹਾਇਸ਼ (ਸ਼ੈਲਟਰ)

ਤੁਹਾਡੇ ਭੱਤੇ ਦਾ ਰਿਹਾਇਸ਼ (ਸ਼ੈਲਟਰ) ਵਾਲਾ ਹਿੱਸਾ ਉਹ ਪੈਸੇ ਹਨ ਜਿਹੜੇ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਆਪਣੀ ਰਿਹਾਇਸ਼ ਲਈ ਤੁਹਾਨੂੰ ਦਿੰਦੀ ਹੈ। ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਲੈਣ ਵਾਲਿਆਂ ਨੂੰ ਐੱਮ ਐੱਸ ਡੀ ਪੀ ਆਰ ਜਿਹੜੇ ਵੱਧ ਤੋਂ ਵੱਧ ਪੈਸੇ ਦੇਵੇਗੀ ਉਹ ਸਫਾ 3 ਉੱਪਰ ਖਾਨਿਆਂ ਵਿਚ ਦਿਖਾਏ ਗਏ ਹਨ। ਉਦਾਹਰਣ ਲਈ, ਪੀ ਡਬਲਯੂ ਡੀ ਜਾਂ ਪੀ ਪੀ ਐੱਮ ਬੀ ਲੈਣ ਵਾਲੇ ਕਿਸੇ ਇਕੱਲੇ (ਸਿੰਗਲ) ਵਿਅਕਤੀ ਨੂੰ ਰਿਹਾਇਸ਼ ਲਈ ਵੱਧ ਤੋਂ ਵੱਧ 500 ਡਾਲਰ ਮਿਲਦੇ ਹਨ; ਕੋਈ ਜੋੜਾ ਜਿਹੜੇ ਦੋਨੋਂ ਹੀ ਪੀ ਡਬਲਯੂ ਡੀ ਜਾਂ ਪੀ ਪੀ ਐੱਮ ਬੀ 'ਤੇ ਹਨ, ਉਨ੍ਹਾਂ ਨੂੰ ਵੱਧ ਤੋਂ ਵੱਧ 695 ਡਾਲਰ ਮਿਲਦੇ ਹਨ।

ਰਿਹਾਇਸ਼ ਲਈ ਵੱਧ ਤੋਂ ਵੱਧ ਪੈਸੇ ਲੈਣ ਲਈ, ਤੁਹਾਡਾ ਕਿਰਾਇਆ ਜਾਂ ਘਰ ਦੀਆਂ ਪੇਮੈਂਟਾਂ ਵੱਧ ਤੋਂ ਵੱਧ ਰਕਮ ਦੇ ਬਰਾਬਰ ਜਾਂ ਜ਼ਿਆਦਾ ਹੋਣਾ ਜ਼ਰੂਰੀ ਹੈ। ਉਦਾਹਰਣ ਲਈ, ਜੇ ਤੁਸੀਂ ਪੀ ਡਬਲਯੂ ਡੀ ਉੱਪਰ ਇਕੱਲੇ ਵਿਅਕਤੀ ਹੋ ਅਤੇ ਤੁਹਾਡੇ 'ਤੇ ਕੋਈ ਨਿਰਭਰ ਨਹੀਂ ਹੈ ਤਾਂ ਐੱਮ ਐੱਸ ਡੀ ਪੀ ਆਰ ਤੋਂ ਓਨੇ ਪੈਸੇ ਲੈਣ ਲਈ ਤੁਹਾਡਾ ਕਿਰਾਇਆ ਘੱਟੋ ਘੱਟ 500 ਡਾਲਰ ਹੋਣਾ ਜ਼ਰੂਰੀ ਹੈ। ਪਰ, ਜੇ ਤੁਹਾਡਾ ਕਿਰਾਇਆ ਰਿਹਾਇਸ਼ ਲਈ ਮਿਲਣ ਵਾਲੇ ਵੱਧ ਤੋਂ ਵੱਧ ਪੈਸਿਆਂ ਨਾਲੋਂ ਘੱਟ ਹੋਵੇ, ਤਾਂ ਤੁਹਾਡੇ ਭੱਤਿਆਂ ਦਾ ਰਿਹਾਇਸ਼ ਵਾਲਾ ਹਿੱਸਾ ਤੁਹਾਡੇ ਫੋਨ ਜਾਂ ਹਾਈਡਰੋ ਦੇ ਬਿੱਲ ਵਰਗੀਆਂ ਚੀਜ਼ਾਂ ਦਾ ਖਰਚਾ ਦੇਣ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਚੀਜ਼ਾਂ ਦੀ ਪੂਰੀ ਲਿਸਟ ਅਗਲੇ ਸਫੇ 'ਤੇ ਦੇਖੋ।

ਉਦਾਹਰਣ ਲਈ, ਜੇ ਤੁਸੀਂ ਪੀ ਪੀ ਐੱਮ ਬੀ ਉੱਪਰ ਇਕੱਲੇ ਵਿਅਕਤੀ ਹੋ ਅਤੇ ਤੁਹਾਡੇ 'ਤੇ ਕੋਈ ਨਿਰਭਰ ਨਹੀਂ ਹੈ ਤਾਂ ਰਿਹਾਇਸ਼ ਦਾ ਤੁਹਾਡਾ ਵੱਧ ਤੋਂ ਵੱਧ ਅਲਾਊਂਸ ਮਹੀਨੇ ਦਾ 500 ਡਾਲਰ ਹੈ। ਜੇ ਤੁਹਾਡਾ ਮਹੀਨੇ ਦਾ ਕਿਰਾਇਆ 450 ਡਾਲਰ ਹੈ ਤਾਂ ਤੁਸੀਂ ਆਪਣੇ ਰਿਹਾਇਸ਼ ਦੇ ਅਲਾਊਂਸ ਦੇ 50 ਡਾਲਰ ਆਪਣੇ ਫੋਨ ਦੇ ਖਰਚੇ ਲਈ ਦੇ ਸਕਦੇ ਹੋ, ਜੇ ਤੁਸੀਂ ਮਨਿਸਟਰੀ ਨੂੰ ਆਪਣੇ ਫੋਨ ਦਾ ਬਿੱਲ ਦਿਖਾਉਂਦੇ ਹੋ।

ਜੇ ਤੁਹਾਡਾ ਕਿਰਾਇਆ 500 ਡਾਲਰ ਜਾਂ ਜ਼ਿਆਦਾ ਹੈ ਤਾਂ ਤੁਹਾਨੂੰ ਆਪਣੇ ਫੋਨ ਜਾਂ ਹੋਰ ਬਿੱਲਾਂ ਲਈ ਮਨਿਸਟਰੀ ਤੋਂ ਵਾਧੂ ਪੈਸੇ **ਨਹੀਂ ਮਿਲਣਗੇ**।

# ਮਨਜ਼ੂਰਸ਼ੁਦਾ ਖਰਚੇ

**ਜੇ ਤੁਸੀਂ ਕਿਰਾਏ ਦੇ ਘਰ ਵਿਚ ਰਹਿੰਦੇ ਹੋ ਅਤੇ ਤੁਹਾਡਾ ਕਿਰਾਇਆ ਰਿਹਾਇਸ਼ ਲਈ ਮਿਲਣ ਵਾਲੇ ਵੱਧ ਤੋਂ ਵੱਧ ਪੈਸਿਆਂ ਨਾਲੋਂ ਜ਼ਿਆਦਾ ਨਹੀਂ ਹੈ ਤਾਂ ਮਨਿਸਟਰੀ ਇਨ੍ਹਾਂ ਯੂਟਿਲਟੀ ਖਰਚਿਆਂ ਲਈ ਪੈਸੇ ਦੇ ਸਕਦੀ ਹੈ:**

1. ਘਰ ਨੂੰ ਗਰਮ ਰੱਖਣ ਲਈ ਫਿਊਲ
2. ਖਾਣੇ ਬਣਾਉਣ ਲਈ ਫਿਊਲ
3. ਪਾਣੀ
4. ਹਾਈਡਰੋ
5. ਗਾਰਬੇਜ ਦੀ ਚੁਕਾਈ ਜਿਹੜੀ ਹਰ ਹਫਤੇ ਜਾਂ ਹਰ ਦੋ ਹਫਤਿਆਂ ਬਾਅਦ ਕਿਸੇ ਕੰਪਨੀ ਵਲੋਂ ਕੀਤੀ ਜਾਂਦੀ ਹੈ
6. ਮੁਢਲੇ ਰਿਹਾਇਸ਼ੀ ਇਕ ਲਾਈਨ ਵਾਲੇ ਟੈਲੀਫੋਨ ਦਾ ਕਿਰਾਇਆ (ਇਸ ਵਿਚ ਸੈੱਲ ਫੋਨ ਸ਼ਾਮਲ ਹੈ)।

**ਜੇ ਤੁਸੀਂ ਘਰ ਦੇ ਮਾਲਕ ਹੋ ਤਾਂ ਰਿਹਾਇਸ਼ ਦੇ ਖਰਚਿਆਂ ਵਿਚ ਇਹ ਵੀ ਸ਼ਾਮਲ ਹਨ:**

1. ਘਰ ਦੀ ਇਨਸ਼ੋਰੈਂਸ ਦੇ ਪ੍ਰੀਮੀਅਮ
2. ਪ੍ਰਾਪਰਟੀ ਟੈਕਸ
3. ਪਰਿਵਾਰਕ ਘਰ ਦੀ ਸੰਭਾਲ ਅਤੇ ਰਿਪੇਅਰਾਂ ਲਈ ਅਸਲੀ ਖਰਚਾ, ਜੇ ਇਹ ਪਰਿਵਾਰਕ ਯੂਨਿਟ ਦੇ ਕਿਸੇ ਵਿਅਕਤੀ ਦੀ ਮਾਲਕੀ ਵਾਲਾ ਹੈ। ਇਹ ਖਰਚੇ ਮਨਿਸਟਰੀ ਵਲੋਂ **ਪਹਿਲਾਂ ਪ੍ਰਵਾਨ ਕੀਤੇ ਜਾਣੇ ਜ਼ਰੂਰੀ** ਹਨ।

ਜੇ ਤੁਹਾਡੀਆਂ ਯੂਟਿਲਟੀਜ਼ ਦੇ ਖਰਚੇ ਬਦਲ ਜਾਂਦੇ ਹਨ, ਜਿਵੇਂ ਕਿ ਫੋਨ ਅਤੇ ਹਾਈਡਰੋ ਤਾਂ ਐੱਮ ਐੱਸ ਡੀ ਪੀ ਆਰ ਸਰਦੀਆਂ ਅਤੇ ਗਰਮੀਆਂ ਦੇ ਆਪਣੇ ਔਸਤ ਰੇਟ ਮਿੱਥ ਸਕਦੀ ਹੈ। ਸਰਦੀਆਂ ਦਾ ਸਮਾਂ 1 ਅਕਤੂਬਰ ਨੂੰ ਸ਼ੁਰੂ ਹੁੰਦਾ ਹੈ ਅਤੇ 31 ਮਾਰਚ ਨੂੰ ਖਤਮ ਹੁੰਦਾ ਹੈ, ਅਤੇ ਗਰਮੀਆਂ ਦਾ ਸਮਾਂ 1 ਅਪਰੈਲ ਨੂੰ ਸ਼ੁਰੂ ਹੁੰਦਾ ਹੈ ਅਤੇ 30 ਸਤੰਬਰ ਨੂੰ ਖਤਮ ਹੁੰਦਾ ਹੈ।

# ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਭੱਤਿਆਂ ਲਈ ਰਕਮਾਂ ਦੀ ਦਰ

ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਦੋਨਾਂ ਲਈ, ਜੇ ਪਰਿਵਾਰ ਵਿਚ ਤਿੰਨ ਨਾਲੋਂ ਜ਼ਿਆਦਾ ਲੋਕ ਹੋਣ ਤਾਂ ਮਦਦ ਕਰਨ ਵਾਲੇ ਅਲਾਊਂਸ ਵਧਦੇ ਨਹੀਂ ਹਨ।

| ਘਰ ਦਾ ਆਕਾਰ ਅਤੇ ਕਿਸਮ | ਮਦਦ | ਰਿਹਾਇਸ਼ | ਆਵਾਜਾਈ ਲਈ ਸਪਲੀਮੈਂਟ | ਭੱਤੇ ਕੁੱਲ |
|---|---|---|---|---|
| **ਪੀ ਡਬਲਯੂ ਡੀ** | | | | |
| ਇਕੱਲਾ ਵਿਅਕਤੀ | $983.42 | $500.00 | $52.00 | *$1,535.42<br>**$1,483.42 |
| ਜੋੜਾ: 1 ਵਿਅਕਤੀ ਪੀ ਡਬਲਯੂ ਡੀ ’ਤੇ | $1,377.56 | $695.00 | $52.00 | *$2,124.56<br>**$2,072.56 |
| ਜੋੜਾ: ਦੋਨੋਂ ਵਿਅਕਤੀ ਪੀ ਡਬਲਯੂ ਡੀ ’ਤੇ | $1,853.06 | $695.00 | $104.00 | *$2,652.06<br>**$2,548.06 |
| 2-ਮਾਪਿਆਂ ਵਾਲਾ ਪਰਿਵਾਰ: 1 ਬੱਚਾ, 1 ਵਿਅਕਤੀ ਪੀ ਡਬਲਯੂ ਡੀ ’ਤੇ | $1,471.56 | $785.00 | $52.00 | *$2,308.56<br>**$2,256.56 |
| 2-ਮਾਪਿਆਂ ਵਾਲਾ ਪਰਿਵਾਰ: 1 ਬੱਚਾ, ਦੋਨੋਂ ਵਿਅਕਤੀ ਪੀ ਡਬਲਯੂ ਡੀ ’ਤੇ | $1,947.06 | $785.00 | $104.00 | *$2,836.06<br>**$2,732.06 |
| 1-ਮਾਪੇ ਵਾਲਾ ਪਰਿਵਾਰ: 1 ਬੱਚਾ | $1,124.08 | $695.00 | $52.00 | *$1,881.08<br>**$1,819.08 |
| **ਪੀ ਪੀ ਐੱਮ ਬੀ** | | | | |
| ਇਕੱਲਾ ਵਿਅਕਤੀ ਪੀ ਪੀ ਐੱਮ ਬੀ ’ਤੇ | $607.92 | $500.00 | ਲਾਗੂ ਨਹੀਂ ਹੁੰਦਾ | $1,107.92 |
| ਜੋੜਾ: 1 ਵਿਅਕਤੀ ਪੀ ਪੀ ਐੱਮ ਬੀ ’ਤੇ | $946.22 | $695.00 | ਲਾਗੂ ਨਹੀਂ ਹੁੰਦਾ | $1,641.22 |
| ਜੋੜਾ: ਦੋਨੋਂ ਵਿਅਕਤੀ ਪੀ ਪੀ ਐੱਮ ਬੀ ’ਤੇ | $1,002.06 | $695.00 | ਲਾਗੂ ਨਹੀਂ ਹੁੰਦਾ | $1,697.06 |
| 2-ਮਾਪਿਆਂ ਵਾਲਾ ਪਰਿਵਾਰ: 1 ਬੱਚਾ, 1 ਵਿਅਕਤੀ ਪੀ ਪੀ ਐੱਮ ਬੀ ’ਤੇ | $1,040.06 | $785.00 | ਲਾਗੂ ਨਹੀਂ ਹੁੰਦਾ | $1,825.06 |
| 2-ਮਾਪਿਆਂ ਵਾਲਾ ਪਰਿਵਾਰ: 1 ਬੱਚਾ, ਦੋਨੋਂ ਵਿਅਕਤੀ ਪੀ ਪੀ ਐੱਮ ਬੀ ’ਤੇ | $1,096.06 | $785.00 | ਲਾਗੂ ਨਹੀਂ ਹੁੰਦਾ | $1,825.06 |
| 1-ਮਾਪੇ ਵਾਲਾ ਪਰਿਵਾਰ: 1 ਬੱਚਾ | $748.58 | $695.00 | ਲਾਗੂ ਨਹੀਂ ਹੁੰਦਾ | $1,443.58 |

*** ਪੀ ਡਬਲਯੂ ਡੀ ਲੈਣ ਵਾਲੇ ਨੂੰ ਆਵਾਜਾਈ ਦਾ ਸਪਲੀਮੈਂਟ ਨਗਦੀ ਵਿਚ ਮਿਲਦਾ ਹੈ**
**** ਪੀ ਡਬਲਯੂ ਡੀ ਲੈਣ ਵਾਲਾ ਆਵਾਜਾਈ ਦਾ ਸਪਲੀਮੈਂਟ ਬੱਸ ਦੇ ਪਾਸ ਲਈ ਵਰਤਦਾ ਹੈ**

## ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਲਈ ਸੱਤ ਮੈਂਬਰਾਂ ਦੇ ਪਰਿਵਾਰ ਦੇ ਆਕਾਰ ਮੁਤਾਬਕ ਰਿਹਾਇਸ਼ ਲਈ ਵੱਧ ਤੋਂ ਵੱਧ ਪੈਸੇ

ਰਿਹਾਇਸ਼ ਲਈ ਵੱਧ ਤੋਂ ਵੱਧ ਪੈਸੇ ਸੱਤ ਮੈਂਬਰਾਂ ਦੇ ਪਰਿਵਾਰ ਤੋਂ ਉੱਪਰ ਪਰਿਵਾਰ ਦੇ ਹਰ ਮੈਂਬਰ ਲਈ 35 ਡਾਲਰ ਤੱਕ ਵਧਦੇ ਹਨ।

ਕੁਝ ਹਾਲਤਾਂ ਵਿਚ, ਤੁਸੀਂ ਸਿਰਫ ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਹਾਰਡਸ਼ਿਪ ਅਸਿਸਟੈਂਸ (ਐੱਚ ਏ) ਲਈ ਹੀ ਯੋਗ ਹੋ ਸਕਦੇ ਹੋ। ਐੱਚ ਏ ਦੇ ਰੇਟ ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਦੇ ਰੇਟਾਂ ਜਿੰਨੇ ਹੀ ਹਨ, ਪਰ ਇਹ ਸਮੇਂ ਦੀ ਬੰਦਸ਼ ਵਾਲੇ ਹੋ ਸਕਦੇ ਹਨ, ਇਨ੍ਹਾਂ ’ਤੇ ਮੁੜ ਕੇ ਵਿਚਾਰ ਹੋ ਸਕਦੀ ਹੈ, ਇਹ ਵਾਪਸ ਦੇਣਯੋਗ ਹੋ ਸਕਦੇ ਹਨ, ਅਤੇ ਤੁਸੀਂ ਸਪਲੀਮੈਂਟਾਂ ਲਈ ਯੋਗ ਨਹੀਂ ਹੋ ਸਕਦੇ ਹੋ, ਜਿਵੇਂ ਕਿ ਖੁਰਾਕ ਲਈ ਅਲਾਊਂਸ।

| ਪਰਿਵਾਰ ਦਾ ਆਕਾਰ | ਰਿਹਾਇਸ਼ ਲਈ ਘੱਟ ਤੋਂ ਘੱਟ ਅਲਾਊਂਸ | ਰਿਹਾਇਸ਼ ਲਈ ਵੱਧ ਤੋਂ ਵੱਧ ਅਲਾਊਂਸ |
|---|---|---|
| 1 | *75 | $500.00 |
| 2 | *150 | $695.00 |
| 3 | *200 | $790.00 |
| 4 | *225 | $840.00 |
| 5 | *250 | $890.00 |
| 6 | *275 | $940.00 |
| 7 | *300 | $990.00 |

**ਕਿਰਪਾ ਕਰਕੇ ਨੋਟ ਕਰੋ:** ਜੇ ਤੁਸੀਂ ਉੱਪਰਲੇ ਖਾਨਿਆਂ ਵਿਚ ਦੱਸੇ ਗਏ “ਪਰਿਵਾਰ ਦੇ ਆਕਾਰ ਅਤੇ ਕਿਸਮਾਂ” ਵਿੱਚੋਂ ਕਿਸੇ ਇਕ ਵਿਚ ਨਹੀਂ ਆਉਂਦੇ ਤਾਂ ਕਿਰਪਾ ਕਰਕੇ ਖਾਨਿਆਂ ਦੀ ਪੂਰੀ ਲਿਸਟ ਲਈ ਇਨ੍ਹਾਂ ਵੈੱਬਸਾਈਟਾਂ ’ਤੇ ਜਾਉ:

- ਐੱਮ ਐੱਸ ਡੀ ਪੀ ਆਰ ਦਾ ਡਿਸਏਬਿਲਟੀ ਅਸਿਸਟੈਂਸ ਰੇਟ ਟੇਬਲ https://www2.gov.bc.ca/gov/content/governments/policies-for-government/bcea-policy-and-procedure-manual/bc-employment-and-assistance-rate-tables/disability-assistance-rate-table ’ਤੇ
- ਐੱਮ ਐੱਸ ਡੀ ਪੀ ਆਰ ਦਾ ਇਨਕਮ ਅਸਿਸਟੈਂਸ ਰੇਟ ਟੇਬਲ https://www2.gov.bc.ca/gov/content/governments/policies-for-government/bcea-policy-and-procedure-manual/bc-employment-and-assistance-rate-tables/income-assistance-rate-table ’ਤੇ

### ਬੱਚਿਆਂ ਵਾਲੇ ਲੋਕਾਂ ਲਈ ਹੋਰ ਭੱਤੇ

ਜੇ ਤੁਹਾਡੇ ਬੱਚੇ ਹਨ ਤਾਂ ਤੁਸੀਂ ਚਾਇਲਡ ਟੈਕਸ ਬੈਨੇਫਿਟਸ ਲਈ ਵੀ ਯੋਗ ਹੋ ਸਕਦੇ ਹੋ। ਤੁਸੀਂ ਕਿੰਨੀ ਰਕਮ ਲਈ ਯੋਗ ਹੋ, ਇਹ ਤੁਹਾਡੀ ਖਾਸ ਹਾਲਤ ਉੱਪਰ ਨਿਰਭਰ ਕਰੇਗਾ। ਚਾਇਲਡ ਟੈਕਸ ਬੈਨੇਫਿਟਸ ਲਈ ਯੋਗਤਾ ਦਾ ਫੈਸਲਾ ਇਨਕਮ ਟੈਕਸ ਭਰਨ ਰਾਹੀਂ ਹੁੰਦਾ ਹੈ। ਜ਼ਿਆਦਾ ਜਾਣਕਾਰੀ ਲਈ 1-800-387-1193 ’ਤੇ ਫੋਨ ਕਰੋ।

# ਸਪਲੀਮੈਂਟਸ

ਸਪਲੀਮੈਂਟਸ ਉਹ ਵਾਧੂ ਭੱਤੇ ਹਨ ਜਿਹੜੇ ਤੁਸੀਂ ਆਪਣੇ ਰਿਹਾਇਸ਼ ਅਤੇ ਮਦਦ ਦੇ ਅਲਾਊਂਸ ਤੋਂ ਇਲਾਵਾ ਐੱਮ ਐੱਸ ਡੀ ਪੀ ਆਰ ਤੋਂ ਲੈ ਸਕਦੇ ਹੋ। ਇਨ੍ਹਾਂ ਵਿਚ ਮਹੀਨਾਵਾਰ ਖੁਰਾਕ ਲਈ ਅਲਾਊਂਸ, ਖੁਰਾਕੀ ਤੱਤਾਂ ਲਈ ਸਪਲੀਮੈਂਟ ਅਤੇ ਸੰਕਟ ਲਈ ਗਰਾਂਟਾਂ ਸ਼ਾਮਲ ਹਨ। ਇਹ ਪਤਾ ਲਾਉਣ ਲਈ ਤੁਹਾਨੂੰ ਮਨਿਸਟਰੀ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਕੀ ਤੁਸੀਂ ਇਨ੍ਹਾਂ ਸਪਲੀਮੈਂਟਾਂ ਵਿੱਚੋਂ ਕਿਸੇ ਲਈ ਯੋਗ ਹੋ ਜਾਂ ਨਹੀਂ। ਤੁਸੀਂ ਸਾਡੀ **ਹੈਲਪ ਸ਼ੀਟ 3: ਡਿਸਏਬਿਲਟੀਜ਼ ਵਾਲੇ ਵਿਅਕਤੀਆਂ (ਪੀ ਡਬਲਯੂ ਡੀ) ਲਈ ਭੱਤਿਆਂ ਲਈ ਮਿਲਾਨ-ਸੂਚੀ** ਅਤੇ **ਹੈਲਪ ਸ਼ੀਟ 7: ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਸਿਹਤ ਸਪਲੀਮੈਂਟ** ਵੀ ਦੇਖ ਸਕਦੇ ਹੋ।

# ਕਮਫਰਟਸ ਅਲਾਊਂਸ

ਕੁਝ ਲੋਕ ਜਿਹੜੇ ਗਰੁੱਪ ਘਰਾਂ ਵਿਚ ਜਾਂ ਰੈਜ਼ੀਡੈਂਸ਼ਲ ਸਥਾਨਾਂ ਵਿਚ ਰਹਿੰਦੇ ਹਨ, 222 ਡਾਲਰ ਦੇ ਮਹੀਨਾਵਾਰ ਅਲਾਊਂਸ ਅਤੇ 52 ਡਾਲਰ ਦੇ ਟ੍ਰਾਂਸਪੋਰਟੇਸ਼ਨ ਸਪਲੀਮੈਂਟ ਲਈ ਯੋਗ ਹੋ ਸਕਦੇ ਹਨ, ਜੋ ਕਿ ਨਗਦ ਜਾਂ ਮਹੀਨਾਵਾਰ ਬੱਸ ਪਾਸ ਦੇ ਤੌਰ ’ਤੇ ਦਿੱਤੇ ਜਾ ਸਕਦੇ ਹਨ।

# ਆਮ ਪੁੱਛੇ ਜਾਣ ਵਾਲੇ ਸਵਾਲ

ਉਨ੍ਹਾਂ ਕੁਝ ਸਵਾਲਾਂ ਦੇ ਜਵਾਬ ਇਹ ਹਨ ਜਿਹੜੇ ਸਾਨੂੰ ਅਕਸਰ ਐਡਵੋਕੇਸੀ ਐਕਸੈੱਸ ਵਿਚ ਪੁੱਛੇ ਜਾਂਦੇ ਹਨ।

**ਸਵਾਲ: ਪਰਿਵਾਰ ਦੇ ਇੱਕੋ ਜਿਹੇ ਆਕਾਰ ਅਤੇ ਇੱਕੋ ਜਿਹੇ ਕਿਰਾਏ ਵਾਲੇ ਲੋਕਾਂ ਨੂੰ ਮੇਰੇ ਨਾਲੋਂ ਜ਼ਿਆਦਾ ਜਾਂ ਘੱਟ ਭੱਤੇ (ਬੈਨੇਫਿਟਸ) ਕਿਉਂ ਮਿਲਦੇ ਹਨ?**
ਜਵਾਬ: ਵੱਖ ਵੱਖ ਪੱਖ ਕਿਸੇ ਵਿਅਕਤੀ ਨੂੰ ਮਿਲਣ ਵਾਲੇ ਭੱਤਿਆਂ ਦੀ ਰਕਮ ਬਦਲ ਸਕਦੇ ਹਨ। ਇਨ੍ਹਾਂ ਵਿਚ ਸਪਲੀਮੈਂਟ ਸ਼ਾਮਲ ਹਨ, ਜਿਵੇਂ ਕਿ ਖੁਰਾਕ ਲਈ ਅਲਾਊਂਸ, ਜੋ ਕਿਸੇ ਵਿਅਕਤੀ ਦੀ ਚੈੱਕ 'ਤੇ ਰਕਮ ਵਿਚ ਵਾਧਾ ਕਰੇਗਾ, ਅਤੇ ਮਨਿਸਟਰੀ ਨੂੰ ਵਾਪਸ ਅਦਾਇਗੀ ਕਰਨ ਦੇ ਐਗਰੀਮੈਂਟ ਜੋ ਕਿ ਕਿਸੇ ਵਿਅਕਤੀ ਨੂੰ ਮਿਲਣ ਵਾਲੇ ਪੈਸਿਆਂ ਨੂੰ ਘੱਟ ਕਰਨਗੇ। ਤੁਹਾਨੂੰ ਮਨਿਸਟਰੀ ਤੋਂ ਇਹ ਪੁੱਛਣ ਦਾ ਹੱਕ ਹੈ ਕਿ ਤੁਹਾਡੇ ਭੱਤੇ ਦੇ ਰੇਟ ਦਾ ਹਿਸਾਬ ਕਿਵੇਂ ਲਗਾਇਆ ਗਿਆ ਹੈ।

**ਸਵਾਲ: ਜੇ ਮੈਂ ਹਾਊਜ਼ਿੰਗ ਕੋ-ਅੱਪ ਵਿਚ ਰਹਿੰਦਾ/ਰਹਿੰਦੀ ਹੋਵਾਂ ਤਾਂ ਕੀ ਮੈਂ ਆਪਣੇ ਰਿਹਾਇਸ਼ ਦੇ ਖਰਚਿਆਂ ਵਿਚ ਇਨਸ਼ੋਰੈਂਸ ਦੀਆਂ ਪੇਮੈਂਟਾਂ ਨੂੰ ਸ਼ਾਮਲ ਕਰ ਸਕਦਾ/ਸਕਦੀ ਹਾਂ?**
ਜਵਾਬ: ਹਾਂ, ਸਾਰੇ ਕੋ-ਅੱਪ ਮੈਂਬਰ ਘਰਾਂ ਦੇ ਮਾਲਕ ਹਨ ਅਤੇ ਉਨ੍ਹਾਂ ਲਈ ਇਨਸ਼ੋਰੈਂਸ ਜ਼ਰੂਰੀ ਹੈ। ਜੇ ਤੁਸੀਂ ਕਿਸੇ ਕੋ-ਅੱਪ ਵਿਚ ਰਹਿ ਰਹੇ ਹੋ ਅਤੇ ਰਿਹਾਇਸ਼ ਲਈ ਵੱਧ ਤੋਂ ਵੱਧ ਰਕਮ ਨਹੀਂ ਲੈ ਰਹੇ ਤਾਂ ਆਪਣੀ ਇਨਸ਼ੋਰੈਂਸ ਦੇ ਮਹੀਨੇ ਦੇ ਪ੍ਰੀਮੀਅਮਜ਼ ਬਾਰੇ ਮਨਿਸਟਰੀ ਨਾਲ ਗੱਲ ਕਰੋ।

**ਸਵਾਲ: ਜੇ ਮੇਰੇ ਕੋਲ ਨਿਰਭਰ ਬੱਚੇ ਦੀ ਸਾਂਝੀ ਕਸਟੱਡੀ ਹੋਵੇ ਤਾਂ ਕੀ ਹੋਵੇਗਾ?**
ਜਵਾਬ: ਤੁਸੀਂ ਹਰ ਉਸ ਬੱਚੇ ਲਈ ਵਾਧੂ ਅਲਾਊਂਸ ਲੈਣ ਦੇ ਯੋਗ ਹੋ ਸਕਦੇ ਹੋ ਜਿਹੜਾ ਤੁਹਾਡੇ ਨਾਲ ਹਰ ਮਹੀਨੇ 40% ਨਾਲੋਂ ਜ਼ਿਆਦਾ ਸਮੇ ਲਈ ਰਹਿੰਦਾ ਹੈ। ਯੋਗ ਹੋਣ ਲਈ, ਤੁਹਾਡੇ ਕੋਲ ਸ਼ੇਅਰਡ ਕਸਟੱਡੀ ਕੋਰਟ ਆਰਡਰ ਜਾਂ ਸ਼ੇਅਰਡ ਪੇਰੈਂਟਿੰਗ ਐਗਰੀਮੈਂਟ ਹੋਣਾ ਜ਼ਰੂਰੀ ਹੈ।

**ਸਵਾਲ: ਜੇ ਮੇਰੇ ਕੋਲ ਆਪਣਾ ਘਰ ਹੋਵੇ ਅਤੇ ਮੈਨੂੰ ਆਪਣੀ ਮੌਰਗੇਜ ਦੀਆਂ ਟਰਮਜ਼ ਬਾਰੇ ਦੁਬਾਰਾ ਸੌਦੇਬਾਜ਼ੀ ਕਰਨ ਦੀ ਲੋੜ ਹੋਵੇ ਤਾਂ ਕੀ ਹੋਵੇਗਾ? ਇਹ ਮੇਰੇ ਰਿਹਾਇਸ਼ ਦੇ ਅਲਾਊਂਸ ਉੱਪਰ ਕਿਵੇਂ ਅਸਰ ਪਾਵੇਗਾ?**
ਜਵਾਬ: ਐੱਮ ਐੱਸ ਡੀ ਪੀ ਆਰ ਤੁਹਾਨੂੰ ਰਿਹਾਇਸ਼ ਦਾ ਉਹ ਵੱਧ ਤੋਂ ਵੱਧ ਅਲਾਊਂਸ ਦੇ ਸਕਦੀ ਹੈ ਜਿਸ ਲਈ ਤੁਸੀਂ ਯੋਗ ਹੋ, ਜੋ ਕਿ ਤੁਹਾਡੇ ਮਹੀਨੇ ਦੀਆਂ ਮੌਰਗੇਜ ਪੇਮੈਂਟਾਂ ਅਤੇ ਰਿਹਾਇਸ਼ ਦੇ ਹੋਰ ਉਪਲਬਧ ਖਰਚਿਆਂ ਦੇ ਆਧਾਰ 'ਤੇ ਹੁੰਦਾ ਹੈ (ਸਫਾ 2 ਦੇਖੋ)। ਆਪਣੀ ਮੌਰਗੇਜ ਵਿਚ ਕੋਈ ਵੀ ਤਬਦੀਲੀ ਕਰਨ ਤੋਂ ਪਹਿਲਾਂ ਮਨਿਸਟਰੀ ਜਾਂ ਕਿਸੇ ਐਡਵੋਕੇਟ ਨਾਲ ਗੱਲ ਕਰਨਾ ਇਕ ਚੰਗਾ ਖਿਆਲ ਹੈ।

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.